**BCM School Basant Avenue Dugri Ludhiana**

**Class 11 Arts**

**Assignment Punjabi**

**1.ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ-**

ਪਰਿਵਾਰ ਸਮਾਜ ਦੀ ਇੱਕ ਇਕਾਈ ਹੈ। ਪਰਿਵਾਰ ਵਿੱਚ ਛੋਟੇ ਅਤੇ ਵੱਡੇ ਬਹੁਤ ਸਾਰੇ ਰਿਸ਼ਤੇ ਹੁੰਦੇ ਹਨ। ਇਹਨਾਂ ਪਰਿਵਾਰਿਕ ਰਿਸ਼ਤਿਆਂ ਰਾਹੀਂ ਹੀ ਇਨਸਾਨ ਵੱਡਿਆਂ ਦਾ ਆਦਰ-ਸਤਿਕਾਰ ਅਤੇ ਛੋਟਿਆਂ ਨਾਲ ਪ੍ਰੇਮ-ਪਿਆਰ ਕਰਨਾ ਸਿੱਖਦਾ ਹੈ। ਪਰਿਵਾਰ ਵਿੱਚ ਮੁੱਖ ਰੂਪ ਵਿੱਚ ਤਿੰਨ-ਪੱਖੀ ਰਿਸ਼ਤੇ ਹੁੰਦੇ ਹਨ। ਪਹਿਲੇ ਪਿਤਾ ਵੱਲੋਂ, ਦੂਸਰੇ ਮਾਤਾ ਵੱਲੋਂ ਅਤੇ ਤੀਸਰੇ ਮਨੁੱਖ ਦੇ ਨਿੱਜੀ। ਪਰਿਵਾਰਿਕ ਰਿਸ਼ਤਿਆਂ ਵਿੱਚ ਪਿਤਾ ਵੱਲੋਂ ਦਾਦਾ, ਦਾਦੀ, ਤਾਇਆ, ਤਾਈ, ਚਾਚਾ, ਚਾਚੀ, ਭੂਆ ਆਦਿ ਮਾਤਾ ਵੱਲੋਂ ਨਾਨਾ, ਨਾਨੀ, ਮਾਮਾ, ਮਾਮੀ, ਮਾਸੀ ਆਦਿ ਅਤੇ ਆਪਣੇ ਨਿੱਜੀ ਰਿਸ਼ਤੇ ਵਿੱਚੋਂ ਭੈਣ, ਭਰਾ, ਪਤਨੀ, ਪੁੱਤਰ, ਪੁੱਤਰੀ ਆਦਿ ਰਿਸ਼ਤੇ ਮੁੱਖ ਹਨ। ਮਾਤਾ-ਪਿਤਾ ਦਾ ਰਿਸ਼ਤਾ ਮਨੁੱਖ ਲਈ ਸਭ ਤੋਂ ਸਤਿਕਾਰਯੋਗ ਮੰਨਿਆ ਗਿਆ ਹੈ। ਮਾਂ ਜਨਮ ਦੇਂਦੀ ਹੈ ਅਤੇ ਉਹੀ ਘਰ ਦਾ ਕੇਂਦਰ ਹੈ। ਪਿਤਾ ਆਰਥਿਕ ਪ੍ਰਬੰਧ ਚਲਾਉਂਦਾ ਹੈ। ਪਤੀ-ਪਤਨੀ ਦੀ ਸਾਂਝ ਘਰ ਦੀ ਬੁਨਿਆਦ ਹੁੰਦੀ ਹੈ। ਇਸ ਤੋਂ ਹੀ ਪਰਿਵਾਰ ਵਧਦਾ-ਫੁੱਲਦਾ ਅਤੇ ਫੈਲਦਾ ਹੈ। ਪਰਿਵਾਰਿਕ ਰਿਸ਼ਤਿਆਂ ਦੀ ਹੋਂਦ ਲਈ ਹੀ ਵਿਆਹ ਦੀਆਂ ਰਸਮਾਂ ਬਣਾਈਆਂ ਗਈਆਂ ਹਨ। ਪਰਿਵਾਰਿਕ ਰਿਸ਼ਤੇ ਮਨੁੱਖ ਦੇ ਦੁੱਖ ਨੂੰ ਵੰਡ ਕੇ ਘਟਾਉਣ ਦਾ ਯਤਨ ਕਰਦੇ ਹਨ ਅਤੇ ਮਨੁੱਖ ਦੀ ਖ਼ੁਸ਼ੀ ਨਾਲ ਖ਼ੁਸ਼ੀ ਦਾ ਪ੍ਰਗਟਾਵਾ ਕਰ ਕੇ ਉਸ ਦੀ ਖ਼ੁਸ਼ੀ ਨੂੰ ਚਾਰ ਗੁਣਾ ਕਰਨ ਵਿੱਚ ਸਹਾਈ ਹੁੰਦੇ ਹਨ। ਪਰਿਵਾਰਿਕ ਰਿਸ਼ਤਿਆਂ ਦਾ ਅਸਰ ਹਰ ਇੱਕ ਮਨੁੱਖ ਦੀ ਸ਼ਖ਼ਸੀਅਤ ਉੱਤੇ ਪੈਂਦਾ ਹੈ। ਪਰਿਵਾਰਿਕ ਰਿਸ਼ਤਿਆਂ ਵਿੱਚ ਕੁੜੱਤਣ ਪੈਦਾ ਨਹੀਂ ਹੋਣ ਦੇਣੀ ਚਾਹੀਦੀ। ਸਾਨੂੰ ਹਮੇਸ਼ਾਂ ਪਰਿਵਾਰਿਕ ਸਾਂਝ ਨੂੰ ਬਣਾਈ ਰੱਖਣ ਦੀ ਕੋਸ਼ਸ਼ ਕਰਨੀ ਚਾਹੀਦੀ ਹੈ। ਜੇਕਰ ਸਾਡਾ ਪਰਿਵਾਰਿਕ ਭਾਈਚਾਰਾ ਮਜ਼ਬੂਤ ਹੋਵੇਗਾ ਤਾਂ ਸਾਡਾ ਦੇਸ ਵੀ ਸ਼ਕਤੀਸ਼ਾਲੀ ਹੋਵੇਗਾ।

ਪ੍ਰਸ਼ਨ 1. ਪਰਿਵਾਰ ਕਿਸ ਦੀ ਇੱਕ ਇਕਾਈ ਹੈ?

(ੳ) ਰਿਸ਼ਤਿਆਂ ਦੀ

(ਅ) ਦੇਸ ਦੀ

(ੲ) ਸਮਾਜ ਦੀ

(ਸ) ਸੱਭਿਆਚਾਰ ਦੀ

ਪ੍ਰਸ਼ਨ 2. ਪਰਿਵਾਰਿਕ ਰਿਸ਼ਤਿਆਂ ਰਾਹੀਂ ਮਨੁੱਖ ਕੀ ਸਿੱਖਦਾ ਹੈ ?

(ੳ)   ਵੱਡਿਆਂ ਦਾ ਆਦਰ

(ਅ) ਰਿਸ਼ਤਿਆਂ ਦੀ ਕਦਰ

(ੲ) ਛੋਟਿਆਂ ਨਾਲ਼ ਪਿਆਰ

(ਸ) ਉਪਰੋਕਤ ਸਾਰੇ

ਪ੍ਰਸ਼ਨ 3. ਰਿਸ਼ਤੇ ਮੁੱਖ ਰੂਪ ਵਿੱਚ ਕਿੰਨੇ ਪੱਖੀ ਹੁੰਦੇ ਹਨ?

(ੳ) ਦੋ ਪੱਖੀ

(ਅ) ਤਿੰਨ ਪੱਖੀ

(ੲ) ਚਾਰ ਪੱਖੀ

(ਸ) ਪੰਜ ਪੱਖੀ

ਪ੍ਰਸ਼ਨ 4. ਕਿਹੜਾ ਰਿਸ਼ਤਾ ਮਨੁੱਖ ਲਈ ਸਭ ਤੋਂ ਸਤਿਕਾਰਯੋਗ ਮੰਨਿਆ ਗਿਆ ਹੈ?

(ੳ) ਭੈਣ-ਭਰਾ ਦਾ

(ਅ) ਦੋਸਤਾਂ-ਮਿੱਤਰਾਂ ਦਾ

(ੲ) ਮਾਤਾ-ਪਿਤਾ ਦਾ

(ਸ) ਸਹੇਲੀਆਂ ਦਾ

ਪ੍ਰਸ਼ਨ 5. ਮਨੁੱਖ ਦੀ ਸ਼ਖ਼ਸੀਅਤ ਉੱਤੇ ਕਿਸਦਾ ਪ੍ਰਭਾਵ ਪੈਂਦਾ ਹੈ?

(ੳ)  ਰਿਸ਼ਤਿਆਂ ਦਾ

(ਅ) ਪਿਤਾ ਮਾਤਾ ਦਾ

(ੲ) ਦੋਸਤਾਂ ਦਾ

(ਸ) ਉਪਰੋਕਤ ਸਾਰੇ

**2 .ਕਿਸੇ ਅਖਬਾਰ ਨੇ ਕੇਬਲ ਟੀ.ਵੀ ਵਰਦਾਨ ਜਾਂ ਸ਼ਰਾਪ ਸਿਰਲੇਖ ਹੇਠ ਇਕ ਸੰਪਾਦਕੀ ਲਿਖਿਆ ਹੈ। ਅਖਬਾਰ ਦੇ ਸੰਪਾਦਕ ਨੂੰ ਉਸ ਦੇ ਸੰਪਾਦਕੀ ਬਾਰੇ ਆਪਣੇ ਵਿਚਾਰ ਲਿਖੋ।**

3. **ਆਪਣੀ ਭੈਣ ਲਈ ਚੰਗਾ ਵਰ ਲੱਭਣ ਲਈ 50 ਸ਼ਬਦਾਂ ਵਿੱਚ ਇਸ਼ਤਿਹਾਰ ਲਿਖੋ।**

**ਜਾਂ**

**ਆਪਣੀ ਨਵੀਂ ਖੋਲੀ ਕੱਪੜਿਆਂ ਦੀ ਦੁਕਾਨ ਦੇ ਮਹੂਰਤ ਲਈ ਇੱਕ ਸੱਦਾ ਪੱਤਰ ਤਿਆਰ ਕਰੋ।**

**4. ਪੰਜਾਬੀ ਵਿੱਚ ਅਨੁਵਾਦ ਕਰੋ-**

Calligraphy, exhibition, development, document, hail storm ,justify

**5. ਵਾਕ ਅਨੁਵਾਦ -**

1.Please issue me a gift check worth rupees 501 and debit the amount from my saving account.

2.Crossing the railway track is prohibited.

3.Post office savings bank is a useful scheme for salaried persons.

4.Nowadays vehicle insurance is also necessary.

**6. ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ-**

ਖ਼ੂਨ ਸਫੈਦ ਹੋਣਾ, ਆਪਣੇ ਤਰਕਸ਼ ਵਿੱਚ ਤੀਰ ਹੋਣਾ, ਜੀਭ ‘ਤੇ ਜਿੰਦਰਾ ਲਾਉਣਾ

**7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ-**

1.ਸਾਡਾ ਚਿੜੀਆਂ ਦਾ ਚੰਬਾ ਸੁਹਾਗ ਵਿੱਚ ਬਾਬਲ ਅਤੇ ਧੀ ਦੇ ਵਿਚਕਾਰ ਹੋਈ ਵਾਰਤਾਲਾਪ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

2. ਸਿੱਠਣੀਆਂ ਵਿੱਚ ਪ੍ਰਕਿਰਤੀ ਦੇ ਕਿਹੜੇ ਕਿਹੜੇ ਹਵਾਲੇ ਮਿਲਦੇ ਹਨ?

3. ਟੱਪਿਆਂ ਦੇ ਵਿੱਚ ਕਿਹੜੇ ਕਿਹੜੇ ਮਨੁੱਖੀ ਰਿਸ਼ਤਿਆਂ ਨੂੰ ਵਿਸ਼ਾ ਬਣਾਇਆ ਗਿਆ ਹੈ?

**8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ-**

1. ਲੂਣਾ ਨੇ ਆਪਣੇ ਗੁਨਾਹ ਦਾ ਇਕਬਾਲ ਕਦੋਂ ਅਤੇ ਕਿਵੇਂ ਕੀਤਾ?

2. ਦੁੱਲੇ ਦੇ ਬਾਗੀ ਤਬੀਅਤ ਹੋਣ ਵਿੱਚ ਕਿਹੜੀਆਂ ਕਿਹੜੀਆਂ ਘਟਨਾਵਾਂ ਦਾ ਹੱਥ ਸੀ?

3. ਪੂਰਨ ਭਗਤ ਜੋਗੀ ਕਿਵੇਂ ਬਣਿਆ?